ਕਮੇਟੀ ਵੱਲੋਂ ਇਸ ਸੜਕ ਸਬੰਧੀ ਵੀ ਇਹ ਫੈਸਲਾ ਕੀਤਾ ਗਿਆ ਕਿ ਵਿਸ਼ੇ ਅਧੀਨ ਨਵੀਂ ਸੜਕ ਦੀ ਉਸਾਰੀ ਲਈ ਸਥਿਤੀ ਸਪੱਸ਼ਟ ਕਰਦੇ ਹੋਏ ਇਸ ਦੀ ਪ੍ਰਵਾਨਗੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਪਾਸੋਂ ਪ੍ਰਾਪਤ ਕੀਤੀ ਜਾਵੇ।

(iv). ਲਿੰਕ ਸੜਕ 'ਚੰਡੀਗੜ੍ਹ ਬੈਰੀਅਰ- ਜੈਂਤੀ ਮਾਜਰਾ, ਗੁਰਾ, ਕਸੌਲੀ, ਕਰੋਂਦੇਵਾਲਾ ਰੋਡ ਅੱਪ ਟੂ ਹਰਿਆਣਾ ਬਾਰਡਰ' ਦੀ ਉਸਾਰੀ ਮੁਕੰਮਲ ਕਰਨ ਬਾਰੇ:-

ਗਠਿਤ ਕਮੇਟੀ ਵੱਲੋਂ ਅਪੈਕਸ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ 13 ਕਿਲੋਮੀਟਰ ਦੇ ਇਸ ਰਸਤੇ ਵਿੱਚੋਂ 10.50 ਕਿਲੋਮੀਟਰ ਦੀ ਸੜਕ ਪਹਿਲਾਂ ਹੀ ਪੱਕੀ ਹੈ। 2.50 ਕਿਲੋਮੀਟਰ ਲੰਬਾਈ ਦਾ ਜੋ ਹਿੱਸਾ ਕੱਚਾ ਹੈ, ਉਹ ਰੈਵੀਨਿਊ ਵਿਭਾਗ ਦੇ ਰਿਕਾਰਡ ਮੁਤਾਬਿਕ ਰਸਤਾ ਨਹੀਂ ਹੈ ਪਰੰਤੂ ਪੁਰਾਣੇ ਸਮਿਆਂ ਤੋਂ ਪਬਲਿਕ ਵੱਲੋਂ ਰਸਤੇ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਅਪੈਕਸ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਲੋਕ ਨਿਰਮਾਣ ਵਿਭਾਗ ਦੇ ਸਬੰਧਤ ਕਾਰਜਕਾਰੀ ਇੰਜੀਨੀਅਰ ਵੱਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਜੰਗਲਾਤ ਅਫਸਰ ਨਾਲ ਰਾਬਤਾ ਕਾਇਮ ਕਰਦੇ ਹੋਏ ਇਸ ਸੜਕ ਦੀ ਉਸਾਰੀ ਕਰਨ ਲਈ ਨਾ-ਇਤਰਾਜ਼ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇਗਾ। ਜੰਗਲਾਤ ਵਿਭਾਗ ਵੱਲੋਂ ਇਸ ਸੜਕ ਦੀ ਉਸਾਰੀ ਕਰਨ ਲਈ ਨਾ-ਇਤਰਾਜ ਸਰਟੀਫਿਕੇਟ ਦੇਣ ਤੇ ਅਪੈਕਸ ਕਮੇਟੀ ਦੀ ਮੀਟਿੰਗ ਵਿੱਚ ਇਸ ਦੀ ਉਸਾਰੀ ਕਰਨ ਤੇ ਵਿਚਾਰ ਕੀਤਾ ਜਾਵੇਗਾ।

(v). ਲਿੰਕ ਸੜਕ ਡਿਫੈਂਸ ਬੰਧ ਰੋਡ ਤੋਂ ਅਖਾੜਾ ਰੋਡ ਅੱਪ ਟੂ ਫਤਹਿਗੜ੍ਹ ਸਾਹਿਬ ਦੀ ਨਵ-ਉਸਾਰੀ ਕਰਨਾ (ਜ਼ਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ):-

ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨਾਲ ਸਬੰਧਤ 1.97 ਕਿਲੋਮੀਟਰ ਲੰਬਾਈ ਦੀ ਵਿਸ਼ੇ ਅਧੀਨ ਸੜਕ ਦੀ ਉਸਾਰੀ ਤੇ 1.76 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਹ ਸੜਕ ਬਣਾਉਣ ਨਾਲ ਭਾਵੇਂ ਪਬਲਿਕ ਨੂੰ ਆਵਾਜਾਈ ਦੀ ਬਹੁਤ ਸਹੂਲਤ ਹੋਵੇਗੀ, ਪਰੰਤੂ ਮਿਊਂਸੀਪਲ ਕਮੇਟੀ ਦੇ ਘੇਰੇ ਅੰਦਰ ਆਉਣ ਕਰਕੇ ਇਸ ਸੜਕ ਦੀ ਉਸਾਰੀ ਲਈ ਪੰਜਾਬ ਮੰਡੀ ਬੋਰਡ/ਦਿਹਾਤੀ ਵਿਕਾਸ ਬੋਰਡ ਵਿੱਚੋਂ ਫੰਡ ਜਾਰੀ ਕਰਨੇ ਉੱਚਿਤ ਨਹੀਂ ਹਨ। ਇਸ ਲਈ ਕਮੇਟੀ ਵੱਲੋਂ ਮੰਡੀ ਬੋਰਡ ਫੰਡਾਂ/ਦਿਹਾਤੀ ਬੋਰਡ ਫੰਡਾਂ ਵਿੱਚੋਂ ਇਸ ਸੜਕ ਦੀ ਉਸਾਰੀ ਨਾ ਕਰਨ ਦਾ ਫੈਸਲਾ ਕੀਤਾ ਗਿਆ।

ਮੱਦ ਨੰ 8:- ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਵਿੱਚ 4 ਨੰਬਰ ਲਿੰਕ ਸੜਕਾਂ ਨੂੰ ਚੌੜਾ ਕਰਨਾ ਅਤੇ ਇੱਕ ਪੁੱਲ ਦੀ ਉਸਾਰੀ ਕਰਨ ਬਾਰੇ:-

ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਵੱਲੋਂ ਵਧੀਕ ਮੁੱਖ ਸਕੱਤਰ (ਵਿਕਾਸ) ਜੀ ਨੂੰ ਭੇਜੇ ਗਏ ਦਫਤਰੀ ਨੋਟਾਂ ਮੁਤਾਬਿਕ ਸਪਲੀਮੈਂਟਰੀ ਅਜੰਡੇ ਵਜੋਂ ਵਿਸ਼ੇ ਅਧੀਨ ਮੱਦ ਤੇ ਵਿਚਾਰ ਕੀਤੀ ਗਈ ਸੀ। 'ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ' ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿੱਤ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਵਿੱਚ 65 ਕਰੋੜ ਰੁਪਏ ਦੇ ਵਿਕਾਸ ਦੇ ਕੰਮ ਪਹਿਲਾਂ ਹੀ ਅਰੰਭ ਕੀਤੇ ਜਾ ਚੁੱਕੇ ਹਨ/ਕੀਤੇ

Executive Engineer
Constn. Divn. No.1,PWD B&R Br.
Mohali

ਕਮੇਟੀ ਵੱਲੋਂ ਇਸ ਸੜਕ ਸਬੰਧੀ ਵੀ ਇਹ ਫੈਸਲਾ ਕੀਤਾ ਗਿਆ ਕਿ ਵਿਸ਼ੇ ਅਧੀਨ ਨਵੀਂ ਸੜਕ ਦੀ ਉਸਾਰੀ ਨਵੀਂ ਜਾਂਦੀ ਸਪੱਸ਼ਟ ਕਰਦੇ ਹੋਏ ਇਸ ਦੀ ਪ੍ਰਵਾਨਗੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਪਾਸੋਂ ਪ੍ਰਾਪਤ ਕੀਤੀ ਜਾਵੇ।

(iv). ਲਿੰਕ ਸੜਕ 'ਚੰਡੀਗੜ੍ਹ ਬੈਰੀਅਰ- ਜੈਂਤੀ ਮਾਜਰਾ, ਗੁਰਾ, ਕਸੌਲੀ, ਕਰੋਂਦੇਵਾਲਾ ਰੋਡ ਅੱਪ ਟੂ ਹਰਿਆਣਾ ਬਾਰਡਰ' ਦੀ ਉਸਾਰੀ ਮੁਕੰਮਲ ਕਰਨ ਬਾਰੇ:-

*ਗਠਿਤ ਕਮੇਟੀ ਵੱਲੋਂ ਅਪੈਕਸ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ 13 ਕਿਲੋਮੀਟਰ ਦੇ ਇਸ ਰਸਤੇ* ਵਿੱਚੋਂ 10.50 ਕਿਲੋਮੀਟਰ ਦੀ ਸੜਕ ਪਹਿਲਾਂ ਹੀ ਪੱਕੀ ਹੈ। 2.50 ਕਿਲੋਮੀਟਰ ਲੰਬਾਈ ਦਾ ਜੋ ਹਿੱਸਾ ਕੱਚਾ ਹੈ, ਉਹ ਰੈਵੀਨਿਊ ਵਿਭਾਗ ਦੇ ਰਿਕਾਰਡ ਮੁਤਾਬਿਕ ਰਸਤਾ ਨਹੀਂ ਹੈ ਪਰੰਤੂ ਪੁਰਾਣੇ ਸਮਿਆਂ ਤੋਂ ਪਬਲਿਕ ਵੱਲੋਂ ਰਸਤੇ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਅਪੈਕਸ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਲੋਕ ਨਿਰਮਾਣ ਵਿਭਾਗ ਦੇ ਸਬੰਧਤ ਕਾਰਜਕਾਰੀ ਇੰਜੀਨੀਅਰ ਵੱਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਜੰਗਲਾਤ ਅਫਸਰ ਨਾਲ ਰਾਬਤਾ ਕਾਇਮ ਕਰਦੇ ਹੋਏ ਇਸ ਸੜਕ ਦੀ ਉਸਾਰੀ ਕਰਨ ਲਈ ਨਾ-ਇਤਰਾਜ਼ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇਗਾ। ਜੰਗਲਾਤ ਵਿਭਾਗ ਵੱਲੋਂ ਇਸ ਸੜਕ ਦੀ ਉਸਾਰੀ ਕਰਨ ਲਈ ਨਾ-ਇਤਰਾਜ ਸਰਟੀਫਿਕੇਟ ਦੇਣ ਤੇ ਅਪੈਕਸ ਕਮੇਟੀ ਦੀ ਮੀਟਿੰਗ ਵਿੱਚ ਇਸ ਦੀ ਉਸਾਰੀ ਕਰਨ ਤੇ ਵਿਚਾਰ ਕੀਤਾ ਜਾਵੇਗਾ।

(v). ਲਿੰਕ ਸੜਕ ਡਿਫੈਂਸ ਬੰਧ ਰੋਡ ਤੋਂ ਅਖਾੜਾ ਰੋਡ ਅੱਪ ਟੂ ਫਤਹਿਗੜ੍ਹ ਸਾਹਿਬ ਦੀ ਨਵ-ਉਸਾਰੀ ਕਰਨਾ (ਜ਼ਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ):-

ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨਾਲ ਸਬੰਧਤ 1.97 ਕਿਲੋਮੀਟਰ ਲੰਬਾਈ ਦੀ ਵਿਸ਼ੇ ਅਧੀਨ ਸੜਕ ਦੀ ਉਸਾਰੀ ਤੇ 1.76 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਹ ਸੜਕ ਬਣਾਉਣ ਨਾਲ ਭਾਵੇਂ ਪਬਲਿਕ ਨੂੰ ਆਵਾਜਾਈ ਦੀ ਬਹੁਤ ਸਹੂਲਤ ਹੋਵੇਗੀ, ਪਰੰਤੂ ਮਿਊਂਸੀਪਲ ਕਮੇਟੀ ਦੇ ਘੇਰੇ ਅੰਦਰ ਆਉਣ ਕਰਕੇ ਇਸ ਸੜਕ ਦੀ ਉਸਾਰੀ ਲਈ ਪੰਜਾਬ ਮੰਡੀ ਬੋਰਡ/ਦਿਹਾਤੀ ਵਿਕਾਸ ਬੋਰਡ ਵਿੱਚੋਂ ਫੰਡ ਜਾਰੀ ਕਰਨੇ ਉੱਚਿਤ ਨਹੀਂ ਹਨ। ਇਸ ਲਈ ਕਮੇਟੀ ਵੱਲੋਂ ਮੰਡੀ ਬੋਰਡ ਫੰਡਾਂ/ਦਿਹਾਤੀ ਬੋਰਡ ਫੰਡਾਂ ਵਿੱਚੋਂ ਇਸ ਸੜਕ ਦੀ ਉਸਾਰੀ ਨਾ ਕਰਨ ਦਾ ਫੈਸਲਾ ਕੀਤਾ ਗਿਆ।

ਮੱਦ ਨੰ 8:- ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਵਿੱਚ 4 ਨੰਬਰ ਲਿੰਕ ਸੜਕਾਂ ਨੂੰ ਚੌੜਾ ਕਰਨਾ ਅਤੇ ਇੱਕ ਪੁੱਲ ਦੀ ਉਸਾਰੀ ਕਰਨ ਬਾਰੇ:-

ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਵੱਲੋਂ ਵਧੀਕ ਮੁੱਖ ਸਕੱਤਰ (ਵਿਕਾਸ) ਜੀ ਨੂੰ ਭੇਜੇ ਗਏ ਦਫਤਰੀ ਨੋਟਾਂ ਮੁਤਾਬਿਕ ਸਪਲੀਮੈਂਟਰੀ ਅਜੰਡੇ ਵਜੋਂ ਵਿਸ਼ੇ ਅਧੀਨ ਮੱਦ ਤੇ ਵਿਚਾਰ ਕੀਤੀ ਗਈ ਸੀ। 'ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ' ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿੱਤ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਵਿੱਚ 65 ਕਰੋੜ ਰੁਪਏ ਦੇ ਵਿਕਾਸ ਦੇ ਕੰਮ ਪਹਿਲਾਂ ਹੀ ਅਰੰਭ ਕੀਤੇ ਜਾ ਚੁੱਕੇ ਹਨ/ਕੀਤੇ

Executive Engineer
Constn. Divn. No.1,PWD B&R Br.
Mohali

ਜਾ ਰਹੇ ਹਨ। ਇਹਨਾਂ ਕੰਮਾਂ ਤੋਂ ਇਲਾਵਾ ਹਲਕਾ ਸੁਲਤਾਨਪੁਰ ਲੋਧੀ ਦੇ ਮਾਨਯੋਗ ਐਮ.ਐਲ.ਏ. ਸ੍ਰੀ ਨਵਤੇਜ ਸਿੰਘ ਚੀਮਾ ਵੱਲੋਂ 12.47 ਕਿਲੋਮੀਟਰ ਲੰਬਾਈ ਦੀਆਂ 4 ਨੰਬਰ ਹੋਰ ਲਿੰਕ ਸੜਕਾਂ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਦੀ ਸਿਫਾਰਸ਼ ਕੀਤੀ ਹੈ। ਲੋਕ ਨਿਰਮਾਣ ਵਿਭਾਗ (ਭ ਤੇ ਮ) ਵੱਲੋਂ 5,49,25,000/-ਰੁਪਏ ਦੀ ਲਾਗਤ ਦੇ ਤਿਆਰ ਕੀਤੇ ਗਏ ਇਹਨਾਂ 4 ਨੰਬਰ ਲਿੰਕ ਸੜਕਾਂ ਦੇ ਤਖਮੀਨੇ ਰਿਪੇਅਰ ਪ੍ਰੋਗਰਾਮ ਤਹਿਤ ਪ੍ਰਵਾਨ ਕਰਨ ਦਾ ਫੈਸਲਾ ਕੀਤਾ ਗਿਆ।

ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਵਿੱਚ ਪੈਂਦੀ ਲਿੰਕ ਸੜਕ 'ਲਖਵਾਰੀਆਂ ਤੋਂ ਬਾਊਪੁਰ' ਵਿੱਚ ਬਿਆਸ ਦਰਿਆ ਕਰਾਸ ਕਰਦਾ ਹੈ। ਬਿਆਸ ਦਰਿਆ ਤੇ ਮਾਨਸੂਨ ਸੀਜ਼ਨ ਤੋਂ ਇਲਾਵਾ Pontoon Bridge ਬਣਾ ਕੇ ਲੋਕਾਂ ਦੀ ਆਵਾਜਾਈ ਬਹਾਲ ਕੀਤੀ ਜਾਂਦੀ ਹੈ। ਬਾਰਿਸ਼ਾਂ ਦੇ ਦਿਨਾਂ ਵਿੱਚ ਮੰਡ ਖੇਤਰ ਵਿੱਚ ਇਹਨਾਂ ਪਿੰਡਾਂ ਦਾ ਆਪਸੀ ਕੁਨੈਕਸ਼ਨ ਖਤਮ ਹੋ ਜਾਂਦਾ ਹੈ। ਇਸ ਪੁੱਲ ਦੀ ਉਸਾਰੀ ਨਾਲ ਬੇਟ ਦੇ ਸੇਮ ਨਾਲ ਪ੍ਰਭਾਵਿਤ 16 ਪਿੰਡਾਂ ਨੂੰ ਆਵਾਜਾਈ ਲਈ ਸਹੂਲਤ ਪ੍ਰਾਪਤ ਹੋਵੇਗੀ। ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਮਿਤੀ 26.09.2018 ਨੂੰ ਸੁਲਤਾਨਪੁਰ ਲੋਧੀ ਦੇ ਮੰਡ ਖੇਤਰ ਦਾ ਦੌਰਾ ਕੀਤਾ ਸੀ। ਇਸ ਦੌਰੇ ਦੌਰਾਨ ਲੋਕਾਂ ਦੀ ਉਪਰੋਕਤ ਪੁੱਲ ਦੀ ਪ੍ਰਮੁੱਖ ਮੰਗ ਦੇ ਸਬੰਧ ਵਿੱਚ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਪਬਲਿਕ ਨੂੰ ਭਰੋਸਾ ਦਿੱਤਾ ਸੀ ਕਿ 'ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ' ਦੀ 550ਵੀਂ ਜਨਮ ਸ਼ਤਾਬਦੀ ਨੂੰ ਸਮਰਪਿੱਤ ਇਸ ਪੁੱਲ ਦੀ ਉਸਾਰੀ ਜਲਦੀ ਕੀਤੀ ਜਾਵੇਗੀ। ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਪਬਲਿਕ ਨਾਲ ਕੀਤੇ ਵਾਇਦੇ ਨੂੰ ਮੁੱਖ ਰੱਖਦੇ ਹੋਏ ਲੋਕ ਨਿਰਮਾਣ ਵਿਭਾਗ (ਭ ਤੇ ਮ) ਵੱਲੋਂ Pontoon Bridge ਦੀ ਥਾਂ ਤੇ High level Bridge (HLB) ਦੇ ਤਿਆਰ ਕੀਤੇ ਗਏ 13 ਕਰੋੜ ਰੁਪਏ ਦੇ ਤਖਮੀਨੇ ਦੀ ਪ੍ਰਵਾਨਗੀ ਪੁੱਲਾਂ ਦੇ ਪ੍ਰੋਜੈਕਟ ਤਹਿਤ ਲੋਕ ਨਿਰਮਾਣ ਵਿਭਾਗ (ਭ ਤੇ ਮ) ਨੂੰ ਅਲਾਟਿਡ 200 ਕਰੋੜ ਰੁਪਏ ਦੇ ਫੰਡਾਂ ਵਿੱਚੋਂ ਪ੍ਰਵਾਨ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਧੀਕ ਮੁੱਖ ਸਕੱਤਰ (ਵਿਕਾਸ) ਜੀ ਦੇ ਧੰਨਵਾਦ ਸਹਿਤ ਸਮਾਪਤ ਹੋਈ।

*****

Executive Engineer
Constn. Divn. No.1,PWD B&R Br.
Mohali